# verka

ਨੰ: ਲਮਯ/ਪਸਲ/ਏ-3/ਏ.ਜੀ.ਐੱਮ/ 1744 ਮਿਤੀ: 14/2/2025

ਪ੍ਰਬੰਧ ਨਿਰਦੇਸ਼ਕ,
ਮਿਲਕਫੈੱਡ ਪੰਜਾਬ,
ਚੰਡੀਗੜ੍ਹ।

ਧਿਆਨ ਦੇਣ ਯੋਗ: ਡਿਪਟੀ ਜਨਰਲ ਮੈਨੇਜਰ (ਪ੍ਰਚੇਜ)।

ਵਿਸ਼ਾ: ਪਬਲਿਕ ਨੋਟਿਸ ਛਾਪਣ ਸਬੰਧੀ।

ਸ੍ਰੀਮਾਨ ਜੀ,

ਆਪ ਜੀ ਨੂੰ ਇਸ ਪੱਤਰ ਨਾਲ ਪਬਲਿਕ ਨੋਟਿਸ ਦੀਆਂ ਦੋ ਕਾਪੀਆਂ ਨੱਥੀ ਕਰਕੇ ਭੇਜੀਆਂ ਜਾਂਦੀ ਹਨ। ਕਿਰਪਾ ਕਰਕੇ ਇਹ ਪਬਲਿਕ ਨੋਟਿਸ ਤੁਰੰਤ ਪੰਜਾਬੀ ਦੇ 2 (ਦੋ) ਪ੍ਰਮੁੱਖ ਅਖਬਾਰਾਂ ਵਿੱਚ ਛਪਵਾਉਣ ਦੀ ਕਿਰਪਾਲਤਾ ਕੀਤੀ ਜਾਵੇ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਜਨਰਲ ਮੈਨੇਜਰ,
ਮਿਲਕ ਯੂਨੀਅਨ, ਲੁਧਿਆਣਾ।

ਨੱਥੀ: ਉਕਤ ਅਨੁਸਾਰ।


THE LUDHIANA DISTRICT CO-OPERATIVE MILK PRODUCERS' UNION LIMITED
Verka Ludhiana Dairy, Ferozepur Road, Ludhiana-141 004 (Pb.) PBX : +91 5203300, 5203336, 5203340 Fax : +91 0161-2552901
Website : verka.coop

## ਦੀ ਲੁਧਿਆਣਾ ਡਿਸਟ੍ਰਿਕਟ ਕੋ-ਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਯੂਨੀਅਨ ਲਿਮ., ਮਿਲਕ ਪਲਾਂਟ, ਫਿਰੋਜ਼ਪੁਰ ਰੋਡ, ਲੁਧਿਆਣਾ।

### ਸੋਧ ਨੋਟਿਸ ਬਾਬਤ ਆਮ ਇਜਲਾਸ

ਮਿਲਕ ਯੂਨੀਅਨ, ਲੁਧਿਆਣਾ ਦੇ ਸਮੂਹ ਹਿੱਸੇਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **ਦੀ ਲੁਧਿਆਣਾ ਡਿਸਟ੍ਰਿਕਟ ਕੋ-ਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਯੂਨੀਅਨ ਲਿਮਟਿਡ,** ਮਿਲਕ ਪਲਾਂਟ, ਫਿਰੋਜ਼ਪੁਰ ਰੋਡ, ਲੁਧਿਆਣਾ ਦਾ ਸਾਲਾਨਾ ਆਮ ਇਜਲਾਸ ਮਿਤੀ 18.02.2025 ਦਿਨ ਮੰਗਲਵਾਰ ਨੂੰ ਸਵੇਰੇ 11.00 ਵਜੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਫਿਰੋਜ਼ਪੁਰ ਰੋਡ, ਲੁਧਿਆਣਾ ਦੇ ਪਾਲ ਆਡੋਟੋਰੀਅਮ ਵਿਖੇ ਹੋਣਾ ਨਿਸ਼ਚਿਤ ਕੀਤਾ ਗਿਆ ਸੀ। ਪਰੰਤੂ ਨਾ-ਟਾਲਣਯੋਗ ਕਾਰਣਾਂ ਕਰਕੇ ਇਹ ਆਮ ਇਜਲਾਸ ਨਿਸ਼ਚਿਤ ਮਿਤੀ ਨੂੰ ਨਹੀਂ ਕੀਤਾ ਜਾ ਸਕਦਾਂ। ਇਸ ਲਈ ਸਾਲ 2022-23 ਅਤੇ 2023-24 ਦਾ ਸਾਲਾਨਾ ਆਮ ਇਜਲਾਸ ਹੁਣ ਮਿਤੀ 19.03.2025 ਦਿਨ ਬੁੱਧਵਾਰ ਨੂੰ ਸਵੇਰੇ 11.00 ਵਜੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਫਿਰੋਜ਼ਪੁਰ ਰੋਡ, ਲੁਧਿਆਣਾ ਦੇ ਪਾਲ ਆਡੋਟੋਰੀਅਮ ਵਿਖੇ ਹੋਵੇਗਾ। ਸਮੂਹ ਮੈਂਬਰ ਸਹਿਬਾਨ ਸਭਾਵਾਂ ਦੇ ਮਤੇ ਦੀ ਨਕਲ, ਜਿਸ ਰਾਹੀਂ ਉਹਨਾਂ ਨੂੰ ਸਭਾ ਦਾ ਪ੍ਰਤੀਨਿਧ ਅਧਿਕਾਰਤ ਕੀਤਾ ਗਿਆ ਹੋਵੇ, ਨਾਲ ਲੈ ਕੇ ਆਉਣ ਦੀ ਕਿਰਪਾਲਤਾ ਕਰਨ।

ਏਜੰਡਾ ਨੰ: 1 ਮਿਤੀ 31.03.2023 ਨੂੰ ਹੋਏ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਏਜੰਡਾ ਨੰ: 2 ਵਿੱਤੀ ਸਾਲ 2022-23 ਅਤੇ 2023-24 ਦੀ ਆਡਿਟਡ ਬੈਲੈਂਸ ਸ਼ੀਟ ਸਮੇਤ ਆਡਿਟ ਰਿਪੋਰਟ ਅਤੇ ਲਾਭ ਹਾਨੀ ਦੇ ਵੇਰਵਿਆਂ ਦੀ ਪ੍ਰਵਾਨਗੀ ਬਾਰੇ।

ਏਜੰਡਾ ਨੰ: 3 ਵਿੱਤੀ ਸਾਲ 2022-23 ਅਤੇ 2023-24 ਦੇ ਲਾਭ ਵਿਤਰਣ ਦੀ ਪ੍ਰਵਾਨਗੀ ਬਾਰੇ।

ਏਜੰਡਾ ਨੰ: 4 ਵਿੱਤੀ ਸਾਲ 2023-24 ਅਤੇ 2024-25 ਦੇ ਬਜਟ ਦੀ ਪ੍ਰਵਾਨਗੀ ਬਾਰੇ।

ਜਨਰਲ ਮੈਨੇਜਰ,
ਮਿਲਕ ਯੂਨੀਅਨ, ਲੁਧਿਆਣਾ।